3_January_Kapurthala_7.qxd 03-01-02 11:13 Page 2

ਕਪੂਰਥਲਾ ਅਜੀਤ
ਅਜੀਤ, ਜਲੰਧਰ
ਮੰਗਲਵਾਰ, 4 ਜਨਵਰੀ 2022



# ਕਾਲਾ ਸੰਘਿਆਂ ਵਿਖੇ ਕੋਵਿਡ ਵੈਕਸੀਨ ਨਾ ਲੱਗਣ ਕਾਰਨ ਲੋਕ ਪ੍ਰੇਸ਼ਾਨ

## ☛ ਸਟਾਫ਼ ਦੀ ਚੱਲ ਰਹੀ ਹੜਤਾਲ ਕਾਰਨ ਕਰੀਬ ਮਹੀਨੇ ਤੋਂ ਸਿਹਤ ਸਹੂਲਤਾਂ ਪ੍ਰਭਾਵਿਤ

ਕਾਲਾ ਸੰਘਿਆਂ, 3 ਜਨਵਰੀ (ਸੰਘਾ)-ਕੋਵਿਡ ਦੇ ਨਵੇਂ ਵੈਰੀਏਂਟ ਉਮੀਕਰੋਨ ਦੇ ਦਿਨੋ-ਦਿਨ ਵਧ ਰਹੇ ਮਾਮਲਿਆਂ ਨਾਲ ਦੇਸ਼ ਦੇ ਲੋਕਾਂ ਵਿਚ ਦੁਬਾਰਾ ਡਰ ਦਾ ਮਾਹੌਲ ਬਣਿਆ ਹੋਇਆ ਹੈ ਅਤੇ ਪੰਜਾਬ ਵਿਚ ਕੋਵਿਡ ਦੇ ਨਿੱਤ ਨਵੇਂ ਮਾਮਲੇ ਸਾਹਮਣੇ ਆ ਰਹੇ ਹਨ। ਸੂਬਾ ਸਰਕਾਰ ਕੋਵਿਡ ਦੀ ਤੀਜੀ ਲਹਿਰ ਨਾਲ ਨਜਿੱਠਣ ਲਈ ਤਿਆਰੀ ਦੇ ਦਾਅਵੇ ਵੀ ਕਰ ਰਹੀ ਹੈ ਪਰ ਜ਼ਮੀਨੀ ਹਕੀਕਤ ਕੁਝ ਹੋਰ ਬਿਆਨ ਕਰ ਰਹੀ ਹੈ। ਜ਼ਿਲ੍ਹਾ ਕਪੂਰਥਲਾ ਦੇ ਕਾਲਾ ਸੰਘਿਆਂ ਕਸਬੇ ਸਮੇਤ ਨੇੜਲੇ ਪਿੰਡਾਂ ਦੇ ਲੋਕ ਸਿਹਤ ਸਹੂਲਤਾਂ ਨੂੰ ਲੈ ਕੇ ਪਿਛਲੇ ਕਰੀਬ ਇਕ ਮਹੀਨੇ ਤੋਂ ਖੱਜਲ ਖ਼ੁਆਰ ਹੋ ਰਹੇ ਹਨ ਕਿਉਂਕਿ ਇੱਥੇ ਸਥਿਤ ਸਰਕਾਰੀ ਹਸਪਤਾਲ ਵਿਖੇ ਡਾਕਟਰਾਂ ਨੂੰ ਛੱਡ ਲਗਭਗ ਸਾਰਾ ਸਟਾਫ਼ ਆਪਣੀ ਮੰਗਾਂ ਨੂੰ ਲੈ ਕੇ ਹੜਤਾਲ ਤੇ ਚੱਲ ਰਿਹਾ ਹੈ। ਕੋਵਿਡ ਦੀ ਤੀਜੀ ਲਹਿਰ ਦੇ ਚੱਲਦਿਆਂ ਪੰਜਾਬ ਸਰਕਾਰ ਨੇ 15 ਜਨਵਰੀ ਤੱਕ ਸਾਰਿਆਂ ਨੂੰ ਕੋਵਿਡ ਦੀ ਵੈਕਸੀਨ ਲਗਵਾਉਣ ਦੀਆਂ ਗਾਈਡ ਲਾਈਨ ਜਾਰੀ ਕੀਤੀਆਂ ਅਤੇ ਦਿੱਤੀ ਤਰੀਕ ਤੋਂ ਬਾਅਦ ਟੀਕਾਕਰਨ ਨਾ ਕਰਵਾਉਣ ਵਾਲਿਆਂ ਤੇ ਸਖ਼ਤੀ ਵਰਤੀ ਜਾਣ ਦੀ ਗੱਲ ਕਹੀ ਅਤੇ ਇਸ ਨੋਟੀਫ਼ਿਕੇਸ਼ਨ ਤੋਂ ਬਾਅਦ ਸਥਾਨਕ ਕਸਬੇ ਦੇ ਹਸਪਤਾਲ ਹਰ ਰੋਜ਼ ਲੋਕ ਕੋਵਿਡ ਵੈਕਸੀਨ ਲਗਵਾਉਣ ਲਈ ਆਉਂਦੇ ਹਨ ਪਰ ਸਟਾਫ਼ ਦੀ ਹੜਤਾਲ ਕਾਰਨ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਸਰਕਾਰ ਜਾਂ ਤਾਂ ਆਪਣਾ ਨੋਟੀਫ਼ਿਕੇਸ਼ਨ ਵਾਪਸ ਲਵੇ ਨਹੀਂ ਤਾਂ ਵੈਕਸੀਨ ਅਤੇ ਸਟਾਫ਼ ਦਾ ਪ੍ਰਬੰਧ ਕਰੇ। ਜ਼ਿਕਰਯੋਗ ਹੈ ਕਿ ਅੱਜ ਤੋਂ 15 ਤੋਂ 18 ਸਾਲ ਦੇ ਬੱਚਿਆਂ ਦਾ ਟੀਕਾਕਰਨ ਵੀ ਸ਼ੁਰੂ ਕੀਤਾ ਗਿਆ ਹੈ ਪਰ ਸਵਾਲ ਇਹ ਹੈ ਕਿ ਅਜਿਹੇ ਵਿਚ ਕੋਵਿਡ ਟੀਕਾਕਰਨ ਕਿਵੇਂ ਮੁਮਕਿਨ ਹੋਵੇਗਾ। ਕੋਵਿਡ ਵੈਕਸੀਨ ਅਤੇ ਹੋਰ ਸਰਕਾਰੀ ਸਿਹਤ ਸਹੂਲਤਾਂ ਨੂੰ ਲੈ ਕੇ ਲੋਕਾਂ ਦੀ ਹੋ ਰਹੀ ਖੱਜਲ ਖ਼ੁਆਰੀ ਸੰਬੰਧੀ ਜਦੋਂ ਕਾਲਾ ਸੰਘਿਆਂ ਹਸਪਤਾਲ ਦੇ ਸੀਨੀਅਰ ਮੈਡੀਕਲ ਅਫ਼ਸਰ ਡਾ. ਗੀਟਾ ਬਾਲਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਪਿਛਲੇ ਕਾਫ਼ੀ ਦਿਨਾਂ ਤੋਂ ਸਟਾਫ਼ ਨਰਸ, ਸਹਾਇਕ ਨਰਸਿੰਗ ਸਟਾਫ਼, ਐਲਐਚਵੀ, ਏਐਨਐਮ ਸਮੇਤ ਹੋਰ ਸਟਾਫ਼ ਦੀ ਹੜਤਾਲ ਕਾਰਨ ਦਿੱਕਤ ਪੇਸ਼ ਆ ਰਹੀ ਹੈ ਅਤੇ ਜਲਦ ਮਸਲਾ ਹੱਲ ਕੀਤਾ ਜਾਵੇਗਾ।

ਇਸ ਸੰਬੰਧੀ ਜਦੋਂ ਸਿਵਲ ਸਰਜਨ ਡਾ. ਗੁਰਿੰਦਰਬੀਰ ਕੌਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਵੈਕਸੀਨ ਸਬੰਧੀ ਲੋਕਾਂ ਨੂੰ ਕੋਈ ਮੁਸ਼ਕਲ ਨਾ ਆਵੇ ਇਸ ਲਈ ਡਿਪਟੀ ਕਮਿਸ਼ਨਰ ਵਲੋਂ ਫੰਡਸ ਜਾਰੀ ਕੀਤੇ ਗਏ ਹਨ ਜਿਸ ਨਾਲ ਅਸੀਂ ਬਾਹਰੋਂ ਸਟਾਫ਼ ਦਾ ਪ੍ਰਬੰਧ ਕਰਕੇ ਟੀਕਾਕਰਨ ਕਰਵਾ ਰਹੇ ਹਾਂ। ਕਾਲਾ ਸੰਘਿਆਂ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਐਸਐਮਓ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਅਤੇ ਲੋਕਾਂ ਨੂੰ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।




ਵੱਡੀ ਗਿਣਤੀ ਪਿੰਡਾਂ ਨੂੰ ਸੇਵਾਵਾਂ ਦੇਣ ਵਾਲੇ ਸਰਕਾਰੀ ਹਸਪਤਾਲ ਕਾਲਾ ਸੰਘਿਆਂ ਦੀ ਇਮਾਰਤ ਹੜਤਾਲ 'ਤੇ ਗਏ ਸਟਾਫ਼ ਦੀ ਉਡੀਕ ਵਿਚ। ਤਸਵੀਰ : ਬਲਜੀਤ ਸਿੰਘ ਸੰਘਾ



ਸਿਵਲ ਹਸਪਤਾਲ ਕਪੂਰਥਲਾ ਵਿਚ ਇਕ ਬੱਚੇ ਨੂੰ ਟੀਕਾ ਲਗਾਉਣ ਮੌਕੇ ਡਾ: ਗੁਰਿੰਦਰਬੀਰ ਕੌਰ ਸਿਵਲ ਸਰਜਨ ਕਪੂਰਥਲਾ, ਜ਼ਿਲ੍ਹਾ ਟੀਕਾਕਰਨ ਅ.ਫ਼ਸਰ ਡਾ: ਰਣਦੀਪ ਸਿੰਘ, ਸੀਨੀਅਰ ਮੈਡੀਕਲ ਅ.ਫ਼ਸਰ ਡਾ: ਸੰਦੀਪ ਧਵਨ ਹੋਰ ਸਿਹਤ ਅਧਿਕਾਰੀਆਂ ਨਾਲ ਖੜ੍ਹੇ ਦਿਖਾਈ ਦੇ ਰਹੇ ਹਨ। ਤਸਵੀਰ: ਤਿਲਕਰਾਜ

# ਜ਼ਿਲ੍ਹੇ 'ਚ 15 ਤੋਂ 18 ਸਾਲ ਦੀ ਉਮਰ ਦੇ ਬੱਚਿਆਂ ਨੂੰ ਕੋਰੋਨਾ ਮਹਾਂਮਾਰੀ ਤੋਂ ਬਚਾਉਣ ਲਈ ਟੀਕਾਕਰਨ ਸ਼ੁਰੂ

## ☛ਪਹਿਲੇ ਦਿਨ ਰੋਹਾਨ ਮਾਗੋ ਨੇ ਪਹਿਲੀ ਤੇ ਸ਼ੁਭਮ ਕੁਮਾਰ ਨੇ ਦੂਜੀ ਡੋਜ਼ ਲਗਵਾਈ

ਕਪੂਰਥਲਾ, 3 ਜਨਵਰੀ (ਅਮਰਜੀਤ ਕੋਮਲ)-ਕੋਰੋਨਾ ਦੇ ਖ਼ਤਰੇ ਓਮੀਕਰੋਨ ਵਾਇਰਸ ਦੀ ਤੀਜੀ ਲਹਿਰ ਨੂੰ ਮੁੱਖ ਰੱਖਦਿਆਂ ਜ਼ਿਲ੍ਹੇ ਵਿਚ 15 ਤੋਂ 18 ਸਾਲ ਦੀ ਉਮਰ ਦੇ ਬੱਚਿਆਂ ਨੂੰ ਕੋਵੈਕਸੀਨ ਲਗਾਉਣ ਦੀ ਸ਼ੁਰੂਆਤ ਹੋਈ। ਸਥਾਨਕ ਸਿਵਲ ਹਸਪਤਾਲ ਵਿਚ ਸ਼ਿਵ ਕਲੋਨੀ ਕਪੂਰਥਲਾ ਦੇ ਨਿਵਾਸੀ ਰੋਹਾਨ ਮਾਗੋ ਨੇ ਪਹਿਲੀ ਤੇ ਨਡਾਲਾ ਦੇ ਵਾਸੀ ਸ਼ੁਭਮ ਕੁਮਾਰ ਨੇ ਦੂਜੀ ਡੋਜ਼ ਲਗਵਾਈ। ਇਸ ਮੌਕੇ ਡਾ: ਗੁਰਿੰਦਰਬੀਰ ਕੌਰ ਸਿਵਲ ਸਰਜਨ ਕਪੂਰਥਲਾ ਤੇ ਹੋਰ ਸਿਹਤ ਅਧਿਕਾਰੀਆਂ ਨੇ ਟੀਕਾ ਲਗਵਾਉਣ ਵਾਲੇ ਬੱਚਿਆਂ ਦੀ ਹੌਸਲਾ ਅਫ਼ਜਾਈ ਕੀਤੀ ਤੇ ਹੋਰ ਬੱਚਿਆਂ ਨੂੰ ਵੀ ਕੋਰੋਨਾ ਵਾਇਰਸ ਤੋਂ ਬਚਣ ਲਈ ਟੀਕਾ ਲਗਵਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਟੀਕਾ ਲਗਵਾਉਣ ਵਾਲੇ ਬੱਚਿਆਂ ਨੂੰ ਕਿਹਾ ਕਿ ਉਹ ਸਿਹਤ ਵਿਭਾਗ ਵਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨ। ਉਨ੍ਹਾਂ ਕਿਹਾ ਕਿ ਪਹਿਲੀ ਡੋਜ਼ ਲਗਵਾਉਣ ਵਾਲੇ ਬੱਚਿਆਂ ਨੂੰ 28 ਦਿਨ ਬਾਅਦ ਦੂਜੀ ਡੋਜ਼ ਲੱਗੇਗੀ। ਇਹ ਵੈਕਸੀਨ ਅੰਤਰਰਾਸ਼ਟਰੀ ਟਰੈਵਲ ਲਈ ਵੀ ਵੈਲਿਡ ਹੋਵੇਗੀ। ਉਨ੍ਹਾਂ ਕਿਹਾ ਕਿ ਕੋਰੋਨਾ ਦੀ ਤੀਜੀ ਲਹਿਰ ਓਮੀਕਰੋਨ ਨੂੰ ਵਿਸ਼ਵ ਸਿਹਤ ਸੰਗਠਨ ਵਲੋਂ ਵਾਇਰਸ ਆਫ਼ ਕਨਸਰਨ ਕਰਾਰ ਦਿੱਤਾ ਗਿਆ ਹੈ। ਇਸ ਤੋਂ ਬਚਣ ਲਈ ਪੂਰੀ ਸਾਵਧਾਨੀ ਵਰਤਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਅੱਜ ਬੱਚਿਆਂ ਦੇ ਟੀਕਾਕਰਨ ਮੁਹਿਮ ਦੀ ਸ਼ੁਰੂਆਤ ਕੀਤੀ ਗਈ ਹੈ ਤੇ ਸਾਰੇ ਬੱਚਿਆਂ ਨੂੰ ਕੋਵੈਕਸੀਨ ਦੀ ਡੋਜ਼ ਦਿੱਤੀ ਜਾ ਰਹੀ ਹੈ। ਇਸੇ ਦੌਰਾਨ ਹੀ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ: ਰਣਦੀਪ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ 15 ਤੋਂ 18 ਸਾਲ ਉਮਰ ਦੇ ਬੱਚਿਆਂ ਦਾ ਟੀਕਾਕਰਨ ਕਰਵਾਉਣ ਲਈ ਅੱਗੇ ਆਉਣ। ਉਨ੍ਹਾਂ ਦੱਸਿਆ ਕਿ ਅੱਜ ਜ਼ਿਲ੍ਹੇ ਵਿਚ 24 ਥਾਵਾਂ 'ਤੇ 450 ਬੱਚਿਆਂ ਨੂੰ ਟੀਕਾ ਲਗਾਇਆ ਗਿਆ। ਇਸ ਮੌਕੇ ਡਿਪਟੀ ਮਾਸ ਮੀਡੀਆ ਅਫ਼ਸਰ ਸ਼ਰਨਦੀਪ ਸਿੰਘ ਨੇ ਦੱਸਿਆ ਕਿ ਅੱਜ ਜ਼ਿਲ੍ਹਾ ਹਸਪਤਾਲ ਕਪੂਰਥਲਾ, ਸਬ ਡਵੀਜ਼ਨ ਹਸਪਤਾਲ, ਕਮਿਊਨਿਟੀ ਹੈਲਥ ਸੈਂਟਰ ਦੇ ਪੱਧਰ 'ਤੇ ਸ੍ਰੀ ਸਤਨਰਾਇਣ ਮੰਦਰ ਵਿਚ 15 ਤੋਂ 18 ਸਾਲ ਦੀ ਉਮਰ ਦੇ ਬੱਚਿਆਂ ਦਾ ਟੀਕਾਕਰਨ ਕੀਤਾ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਗਲਤ ਧਾਰਨਾਵਾਂ ਤੋਂ ਬਚਣ ਤੇ ਟੀਕਾਕਰਨ ਲਗਵਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ: ਅਸ਼ੋਕ ਕੁਮਾਰ, ਸੀਨੀਅਰ ਮੈਡੀਕਲ ਅਫ਼ਸਰ ਡਾ: ਸੰਦੀਪ ਧਵਨ, ਡਾ: ਸਿੰਮੀ ਧਵਨ ਤੋਂ ਇਲਾਵਾ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



ਫਗਵਾੜਾ ਲਵਲੀ ਯੂਨੀਵਰਸਿਟੀ ਵਿਖੇ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਂਦੇ ਹੋਏ ਡਿਪਟੀ ਕਮਿਸ਼ਨਰ ਦੀਪਤੀ ਉੱਪਲ ਤੇ ਹੋਰ। ਤਸਵੀਰ: ਹਰਜੋਤ ਚਾਨਾ

# 'ਜ਼ਮੀਨ ਨਹੀਂ ਤਾਂ ਜੀਵਨ ਨਹੀਂ' ਨਾਅਰੇ ਤਹਿਤ ਸੂਬੇ ਭਰ 'ਚ ਕਾਨਫ਼ਰੰਸਾਂ ਕਰਨ ਦਾ ਐਲਾਨ-ਕਿਰਤੀ ਕਿਸਾਨ ਯੂਨੀਅਨ

ਕਪੂਰਥਲਾ, 3 ਜਨਵਰੀ (ਬਲਜੀਤ ਸਿੰਘ)-ਕਿਰਤੀ ਕਿਸਾਨ ਯੂਨੀਅਨ ਪੰਜਾਬ ਦੀ ਸੂਬਾਈ ਮੀਟਿੰਗ ਪ੍ਰਭਜੀਤ ਸਿੰਘ ਤਿੰਮੋਵਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਸਕੱਤਰ ਰਛਪਾਲ ਸਿੰਘ ਨੇ ਦੱਸਿਆ ਕਿ ਜ਼ਮੀਨ ਦੇ ਸਵਾਲ ਤੋਂ ਬਗੈਰ ਖੇਤੀ ਸੰਕਟ ਦਾ ਹੱਲ ਹੋਣਾ ਸੰਭਵ ਨਹੀਂ। ਮੌਜੂਦਾ ਸਮੇਂ ਕਾਰਪੋਰੇਟ ਘਰਾਨਿਆਂ ਵਲੋਂ ਦੁਨੀਆ ਪੱਧਰ 'ਤੇ ਜ਼ਮੀਨਾਂ ਦੀ ਲੁੱਟ ਖਸੁੱਟ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿਚ ਹੁਣ ਤੱਕ ਜੋ ਜ਼ਮੀਨ ਕਿਸਾਨਾਂ ਮਜ਼ਦੂਰਾਂ ਨੂੰ ਵੰਡੀ ਗਈ ਹੈ, ਉਹ ਪੰਜ ਫ਼ੀਸਦੀ ਤੋਂ ਵੀ ਘੱਟ ਹੈ। ਅੱਜ ਵੀ ਬਹੁਤ ਸਾਰੇ ਹਿੱਸੇ 'ਤੇ ਵੱਡੇ ਵੱਡੇ ਧਨਾਢ ਜਗੀਰਦਾਰ ਜ਼ਮੀਨ 'ਤੇ ਕਾਬਜ਼ ਹਨ। ਦੂਜੇ ਪਾਸੇ ਬੇਰੁਜ਼ਗਾਰਾਂ ਦੀ ਵੱਡੀ ਭੀੜ ਪਿੰਡਾਂ ਸ਼ਹਿਰਾਂ ਵਿਚ ਆਮ ਵੇਖਣ ਨੂੰ ਮਿਲ ਰਹੀ ਹੈ। ਕੇਂਦਰ ਸਰਕਾਰ ਕਾਰਪੋਰੇਟ ਪੱਖੀ ਹੋਣ ਕਰਕੇ ਲਗਾਤਾਰ ਫ਼ੌਜੀ ਛਾਉਣੀਆਂ ਅਤੇ ਹੋਰ ਸਰਕਾਰੀ ਜ਼ਮੀਨਾਂ ਕਾਰਪੋਰੇਟ ਘਰਾਨਿਆਂ ਨੂੰ ਦੇਣ ਦਾ ਪਹਿਲਾਂ ਹੀ ਐਲਾਨ ਕਰ ਚੁੱਕੀ ਹੈ। ਇਸ ਹਾਲਾਤ ਵਿਚ ਕਿਰਤੀ ਕਿਸਾਨ ਯੂਨੀਅਨ ਪੰਜਾਬ ਲੋਕਾਂ ਦਾ ਚੇਤਨਾ ਪੱਧਰ ਉੱਚਾ ਚੁੱਕਣ ਲਈ ਸੂਬੇ ਭਰ ਵਿਚ ਕਾਨਫ਼ਰੰਸਾਂ ਕਰਕੇ ਇਹ ਜ਼ਮੀਨਾਂ ਕਾਰਪੋਰੇਟ ਘਰਾਨਿਆਂ ਨੂੰ ਦੇਣ ਦੀ ਜਗ੍ਹਾ ਕਿਸਾਨਾਂ ਮਜ਼ਦੂਰਾਂ ਦੇ ਬੱਚਿਆਂ ਨੂੰ ਦਿੱਤੀ ਜਾਣ ਦੀ ਮੰਗ ਉਠਾਏਗੀ ਤਾਂ ਕਿ ਨੌਜਵਾਨਾਂ ਵਿਚ ਬੇਰੁਜ਼ਗਾਰੀ ਗੈਰ ਬਰਾਬਰਤਾ ਘਟੇ ਤੇ ਸਮਾਜਿਕ ਤਰੱਕੀ ਸੰਭਵ ਹੋ ਸਕੇ। ਆਗੂਆਂ ਨੇ ਕਿਹਾ ਕਿ ਇਨ੍ਹਾਂ ਗੱਲਾਂ ਨੂੰ ਲੋਕਾਂ ਤੱਕ ਲੈ ਕੇ ਜਾਣ ਲਈ ਪਿਛਲੇ ਵਰ੍ਹੇ 21 ਫਰਵਰੀ ਨੂੰ ਮਰਹੂਮ ਆਗੂ ਦਾਤਾਰ ਸਿੰਘ ਸ਼ਹੀਦੀ ਪ੍ਰਾਪਤ ਕਰ ਗਏ ਸਨ। ਇਸ ਵਰ੍ਹੇ 21 ਫਰਵਰੀ ਵਾਲੇ ਦਿਨ ਹੀ ਅੱਡਾ ਕੁੱਕੜਾਂਵਾਲਾ ਵਿਖੇ ਵਿਸ਼ਾਲ ਇਕੱਠ ਕਰਕੇ ਜ਼ਮੀਨ ਦੇ ਖੇਤੀ ਸੰਕਟ ਬਾਰੇ ਬੁਲਾਰੇ ਆਪਣੇ ਵਿਚਾਰ ਪੇਸ਼ ਕਰਕੇ ਸ਼ਹੀਦ ਦਾਤਾਰ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨਗੇ। ਆਗੂਆਂ ਵਲੋਂ ਕਿਰਤੀ ਕਿਸਾਨ ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਦੇ ਵਿਸਥਾਰ ਕਰਦੇ ਹੋਏ ਹਰਦੇਵ ਸਿੰਘ ਅਖਾੜਾ ਦੇ ਮਲਕੀਤ ਸਿੰਘ ਕਾਉਂਕੇ ਕਲਾਂ ਨੂੰ ਸੂਬਾ ਕਮੇਟੀ ਵਿਚ ਸ਼ਾਮਲ ਕਰਨ ਦਾ ਫ਼ੈਸਲਾ ਕੀਤਾ ਗਿਆ। ਮੀਟਿੰਗ ਵਿਚ ਸੂਬਾ ਪ੍ਰਧਾਨ ਹਰਦੇਵ ਸਿੰਘ ਸੰਧੂ, ਸੂਬਾ ਮੀਤ ਪ੍ਰਧਾਨ ਪ੍ਰਭਜੀਤ ਸਿੰਘ, ਰਘਬੀਰ ਸਿੰਘ, ਸੁਰਿੰਦਰ ਸਿੰਘ, ਬਲਵਿੰਦਰ ਬਾਜਵਾ, ਸੁਖਦੇਵ ਸਿੰਘ ਡੋਗਰ ਅਤੇ ਧਨਵੰਤ ਸਿੰਘ ਖਤਰਾਏ ਕਲਾਂ ਆਦਿ ਹਾਜ਼ਰ ਸਨ।

# ਮੁੱਖ ਮੰਤਰੀ ਵਲੋਂ ਨੌਜਵਾਨਾਂ ਲਈ ਪੰਜਾਬ ਰੋਜ਼ਗਾਰ ਗਰੰਟੀ ਯੋਜਨਾ 2022 ਦੀ ਸ਼ੁਰੂਆਤ ਅੱਜ ਤੋਂ-ਰਾਣਾ ਗੁਰਜੀਤ ਸਿੰਘ

## • ਡਿਪਟੀ ਕਮਿਸ਼ਨਰ ਨੇ ਲਿਆ ਤਿਆਰੀਆਂ ਦਾ ਜਾਇਜ਼ਾ

ਫ਼ਗਵਾੜਾ, 3 ਜਨਵਰੀ (ਹਰਜੋਤ ਸਿੰਘ ਚਾਨਾ, ਤਰਨਜੀਤ ਸਿੰਘ ਕਿੰਨੜਾ)-ਪੰਜਾਬ ਦੇ ਤਕਨੀਕੀ ਸਿੱਖਿਆ ਬਾਰੇ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਲੋਂ ਕੱਲ 4 ਜਨਵਰੀ ਨੂੰ ਨੌਜਵਾਨਾਂ ਲਈ ਪੰਜਾਬ ਰੋਜ਼ਗਾਰ ਗਾਰੰਟੀ ਯੋਜਨਾ 2022 ਦੀ ਸ਼ੁਰੂਆਤ ਕੀਤੀ ਜਾ ਰਹੀ ਹੈ, ਜਿਸ ਤਹਿਤ ਨੌਜਵਾਨਾਂ ਨੂੰ ਉਨ੍ਹਾਂ ਦੇ ਪੈਰਾਂ 'ਤੇ ਖੜ੍ਹਾ ਕਰਨ ਲਈ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਇਹ ਪ੍ਰਗਟਾਵਾ ਪੰਜਾਬ ਦੇ ਤਕਨੀਕੀ ਸਿੱਖਿਆ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਕੀਤਾ। ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਸੂਬਾ ਪੱਧਰੀ ਸਮਾਗਮ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਫ਼ਗਵਾੜਾ ਵਿਖੇ ਹੋਵੇਗਾ, ਜਿਸ 'ਚ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ, ਵਿਧਾਇਕ ਤੇ ਹੋਰ ਉੱਚ ਅਧਿਕਾਰੀਆਂ ਤੋਂ ਇਲਾਵਾ ਲੁਧਿਆਣਾ, ਜਲੰਧਰ, ਕਪੂਰਥਲਾ, ਰੋਪੜ, ਹੁਸ਼ਿਆਰਪੁਰ ਤੇ ਨਵਾਂ ਸ਼ਹਿਰ ਦੀਆਂ ਆਈ.ਟੀ.ਆਈਜ਼ ਦੇ ਵਿਦਿਆਰਥੀ ਭਾਗ ਲੈਣਗੇ। ਉਨ੍ਹਾਂ ਦੱਸਿਆ ਕਿ ਇਹ ਯੋਜਨਾ ਨੌਜਵਾਨਾਂ ਨੂੰ ਰੋਜ਼ਗਾਰ ਦੀਆਂ ਅਸੀਮ ਸੰਭਾਵਨਾਵਾਂ ਦਾ ਲਾਭ ਉਠਾਉਣ ਵਿਚ ਬਹੁਤ ਸਹਾਈ ਸਿੱਧ ਹੋਵੇਗੀ, ਜਿਸ ਨਾਲ ਉਹ ਆਪਣਾ ਜੀਵਨ ਪੱਧਰ ਉੱਚਾ ਚੁੱਕਣ ਤੋਂ ਇਲਾਵਾ ਸੂਬੇ ਦੀ ਤਰੱਕੀ 'ਚ ਵੀ ਆਪਣਾ ਬਣਦਾ ਯੋਗਦਾਨ ਪਾ ਸਕਣਗੇ। ਸਮਾਗਮ ਦੀਆਂ ਤਿਆਰੀਆਂ ਸੰਬੰਧੀ ਡਿਪਟੀ ਕਮਿਸ਼ਨਰ ਕਪੂਰਥਲਾ ਸ੍ਰੀਮਤੀ ਦੀਪਤੀ ਉੱਪਲ ਵਲੋਂ ਅੱਜ ਐਲ. ਪੀ. ਯੂ. ਵਿਖੇ ਜਾਇਜ਼ਾ ਵੀ ਲਿਆ ਗਿਆ। ਉਨ੍ਹਾਂ ਵਧੀਕ ਡਿਪਟੀ ਕਮਿਸ਼ਨਰ (ਵ) ਐਸ.ਪੀ ਆਂਗਰਾ ਤੇ ਹੋਰਨਾਂ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਸੂਬੇ ਭਰ ਤੋਂ ਆ ਰਹੇ ਵਿਦਿਆਰਥੀਆਂ ਦੇ ਬੈਠਣ, ਖਾਣ-ਪੀਣ ਦੇ ਢੁਕਵੇਂ ਪ੍ਰਬੰਧ ਕਰਨ। ਇਸ ਤੋਂ ਇਲਾਵਾ ਉਨ੍ਹਾਂ ਸੁਰੱਖਿਆ ਵਿਵਸਥਾ, ਸੁਚਾਰੂ ਆਵਾਜ਼ੀ ਆਦਿ ਬਾਰੇ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕੀਤੇ। ਇਸ ਮੌਕੇ ਐਸ ਡੀ ਐਮ ਫਗਵਾੜਾ ਕੁਲਪਰੀਤ ਸਿੰਘ ਤੇ ਹੋਰ ਉੱਚ ਅਧਿਕਾਰੀ ਵੀ ਹਾਜ਼ਰ ਸਨ।

# ਗੁਰਦੁਆਰਾ ਸੈਫਲਾਬਾਦ ਵਿਖੇ ਅੱਖਾਂ ਦਾ ਮੁਫ਼ਤ ਕੈਂਪ ਕੱਲ੍ਹ

ਕਪੂਰਥਲਾ, 3 ਜਨਵਰੀ (ਵਿ.ਪ੍ਰ.)-ਪ੍ਰਵਾਸੀ ਭਾਰਤੀ ਸਵਰਨ ਸਿੰਘ ਵਿਰਕ ਕੈਨੇਡਾ ਵਾਲਿਆਂ ਵਲੋਂ ਆਪਣੀ ਪਤਨੀ ਬੀਬੀ ਬਿਆਸ ਕੌਰ ਦੀ 40ਵੀਂ ਬਰਸੀ ਦੇ ਸੰਬੰਧ ਵਿਚ ਦਾਹਤਾ ਫਾਊਂਡੇਸ਼ਨ ਕੈਨੇਡਾ ਦੇ ਸਹਿਯੋਗ ਨਾਲ 5 ਜਨਵਰੀ ਦਿਨ ਬੁੱਧਵਾਰ ਨੂੰ ਸਵੇਰੇ 8 ਤੋਂ 2 ਵਜੇ ਤੱਕ ਗੁਰਦੁਆਰਾ ਗੁਰਸਰ ਸਾਹਿਬ ਪਾਤਸ਼ਾਹੀ ਛੇਵੀਂ ਸੈਫਲਾਬਾਦ ਵਿਚ ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ ਲਗਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਲੀਡਰ ਸਿੰਘ ਦੇ ਆਸ਼ੀਰਵਾਦ ਨਾਲ ਲਗਾਏ ਜਾਣ ਵਾਲੇ ਇਸ ਕੈਂਪ ਵਿਚ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਜਾਣਗੀਆਂ। ਪ੍ਰਬੰਧਕਾਂ ਨੇ ਦੱਸਿਆ ਕਿ ਜਿਹੜੇ ਮਰੀਜ਼ ਆਪ੍ਰੇਸ਼ਨ ਦੇ ਯੋਗ ਪਾਏ ਗਏ ਉਨ੍ਹਾਂ ਦੇ ਰੂਬੀ ਨੈਲਸਨ ਮੈਮੋਰੀਅਲ ਹਸਪਤਾਲ ਦੇ ਮਾਹਿਰ ਡਾਕਟਰਾਂ ਦੀ ਟੀਮ ਵਲੋਂ ਆਪ੍ਰੇਸ਼ਨ ਕੀਤੇ ਜਾਣਗੇ।

# ਦੋ ਅਣਪਛਾਤੇ ਲੁਟੇਰਿਆਂ ਨੇ ਪਿਸਤੌਲ ਦਿਖਾ ਕੇ ਕੀਤੀ 2 ਲੱਖ 20 ਹਜ਼ਾਰ ਰੁਪਏ ਦੀ ਲੁੱਟ

ਢਿਲਵਾਂ, 3 ਜਨਵਰੀ (ਗੋਬਿੰਦ ਸੁਖੀਜਾ, ਪ੍ਰਵੀਨ ਕੁਮਾਰ)-ਅੱਜ ਦੋ ਅਣਪਛਾਤੇ ਵਿਅਕਤੀਆਂ ਵਲੋਂ ਪੈਟਰੋਲ ਪੰਪ ਦੇ ਕਰਿੰਦੇ ਤੋਂ 2.20 ਲੱਖ ਰੁਪਏ ਦੀ ਲੁੱਟ-ਖੋਹ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ। ਸੁਜਾਨ ਸਿੰਘ ਪੁੱਤਰ ਅਮਰ ਸਿੰਘ ਵਾਸੀ ਬਡਿਆਲੀ ਥਾਣਾ ਫਤਿਹਪੁਰ ਜ਼ਿਲ੍ਹਾ ਕਾਂਗੜਾ ਹਿਮਾਚਲ ਪ੍ਰਦੇਸ਼ ਹਾਲ ਵਾਸੀ ਸੁਰਿੰਦਰ ਆਇਲ ਸਟੋਰ ਸੰਗੋਜਲਾ ਨੇ ਥਾਣਾ ਢਿਲਵਾਂ ਵਿਚ ਦਰਜ ਕਰਵਾਏ ਬਿਆਨਾ ਵਿਚ ਦੱਸਿਆ ਕਿ ਉਹ ਸੁਰਿੰਦਰ ਆਇਲ ਸਟੋਰ ਸੰਗੋਜਲਾ ਤੇ ਪਿਛਲੇ 22 ਸਾਲਾਂ ਤੋਂ ਕੰਮ ਕਰ ਰਿਹਾ ਹੈ। ਅੱਜ ਪਿਛਲੇ ਦੋ ਦਿਨਾ ਦੀ ਸੇਲ ਦੇ ਪੈਸੇ 2 ਲੱਖ 20 ਹਜ਼ਾਰ ਰੁਪਏ ਭੰਡਾਲ ਬੇਟ ਦੇ ਪੰਜਾਬ ਨੈਸ਼ਨਲ ਬੈਂਕ ਵਿਚ ਸਕੂਟਰ 'ਤੇ ਜਮਾਂ ਕਰਵਾਉਣ ਜਾ ਰਿਹਾ ਸੀ, ਜਦ ਮੈਂ ਪਿੰਡ ਫਤਿਹਪੁਰ ਦੇ ਥੋੜਾ ਪਿੱਛੇ ਹੀ ਸੀ ਤਾਂ ਪਿੱਛੋਂ ਇਕ ਸਕੂਟਰੀ ਜਿਸ 'ਤੇ 2 ਨਾਮਾਲੂਮ ਨੌਜਵਾਨ ਜਿਨਾਂ ਨੇ ਆਪਣਾ ਮੂੰਹ ਬੰਨ੍ਹਿਆ ਹੋਇਆ ਸੀ, ਮੇਰੇ ਸਕੂਟਰ ਦੇ ਬਰਾਬਰ 'ਤੇ ਪਿੱਛੇ ਬੈਠੇ ਨਾ ਮਾਲੂਮ ਵਿਅਕਤੀ ਨੇ ਸਕੂਟਰ ਦਾ ਹੈਂਡਲ ਫੜ ਕੇ ਧੱਕ ਦਿੱਤਾ ਤੇ ਮੈਂ ਆਪਣਾ ਸਕੂਟਰ ਡਰਦੇ ਮਾਰੇ ਨੇ ਰੋਕ ਦਿੱਤਾ ਤੇ ਸਕੂਟਰ ਜ਼ਮੀਨ 'ਤੇ ਡਿਗ ਪਿਆ ਅਤੇ ਸਕੂਟਰੀ 'ਤੇ ਪਿੱਛੇ ਬੈਠੇ ਵਿਅਕਤੀ ਨੇ ਆਪਣੇ ਦਸਤੀ ਦਾਤਰ ਦਾ ਪੁੱਠਾ ਵਾਰ ਮੇਰੇ 'ਤੇ ਕੀਤਾ ਤੇ ਦੂਸਰੇ ਨਾਮਾਲੂਮ ਵਿਅਕਤੀ ਸਕੂਟਰੀ ਚਾਲਕ ਨੇ ਸਕੂਟਰੀ ਦਾ ਸਾਈਡ ਸਟੈਂਡ ਲਗਾ ਕੇ ਆਪਣੀ ਡੱਬ ਵਿਚ ਪਿਸਤੌਲ ਕੱਢ ਕੇ ਮੇਰੇ 'ਤੇ ਤਾਣ ਦਿੱਤਾ ਅਤੇ ਮੇਰੇ ਸਕੂਟਰ ਦੀ ਚਾਬੀ ਕੱਢ ਕੇ ਡਿੱਗੀ ਖੋਲ ਕੇ ਉਸ ਵਿਚੋਂ 2 ਲੱਖ 20 ਹਜ਼ਾਰ ਰੁਪਏ ਕੱਢ ਲਏ ਅਤੇ ਦੋਨੋਂ ਨੌਜਵਾਨ ਆਪਣੀ ਸਕੂਟਰੀ 'ਤੇ ਅੱਗੇ ਨੂੰ ਪਿੰਡ ਭੰਡਾਲ ਬੇਟ ਚਲੇ ਗਏ। ਮੈਂ ਤੁਰੰਤ ਹੀ ਇਸ ਘਟਨਾ ਦੀ ਸੂਚਨਾ ਆਪਣੇ ਮਾਲਕ ਨੂੰ ਦਿੱਤੀ। ਘਟਨਾ ਦੀ ਸੂਚਨਾ ਮਿਲਦਿਆਂ ਹੀ ਡੀਐਸਪੀ ਭੁਲੱਥ ਅਮਰੀਕ ਸਿੰਘ ਚਾਹਲ ਅਤੇ ਥਾਣਾ ਮੁਖੀ ਇੰਸਪੈਕਟਰ ਚਰਨਜੀਤ ਸਿੰਘ ਮੌਕੇ 'ਤੇ ਪਹੁੰਚੇ। ਥਾਣਾ ਢਿਲਵਾਂ ਦੀ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# 5 ਬੈਂਕ ਕਰਮਚਾਰੀਆਂ ਸਮੇਤ ਜ਼ਿਲ੍ਹੇ 'ਚ ਕੋਰੋਨਾ ਵਾਇਰਸ ਦੇ 12 ਮਾਮਲੇ ਆਏ ਸਾਹਮਣੇ

ਕਪੂਰਥਲਾ, 3 ਜਨਵਰੀ (ਸਡਾਨਾ)-ਜ਼ਿਲ੍ਹੇ ਵਿਚ ਕੋਰੋਨਾ ਵਾਇਰਸ ਦੇ ਅੱਜ 12 ਨਵੇਂ ਮਾਮਲੇ ਸਾਹਮਣੇ ਆਏ ਹਨ, ਜਿਸ ਨਾਲ ਜ਼ਿਲ੍ਹੇ ਅੰਦਰ ਐਕਟਿਵ ਮਰੀਜ਼ਾਂ ਦੀ ਗਿਣਤੀ ਵੱਧ ਕੇ 34 ਹੋ ਗਈ ਹੈ, ਜਦਕਿ ਅੱਜ ਇਕ ਵਿਅਕਤੀ ਨੂੰ ਠੀਕ ਹੋਣ ਉਪਰੰਤ ਛੁੱਟੀ ਦਿੱਤੀ ਗਈ ਹੈ ਤੇ 22 ਵਿਅਕਤੀਆਂ ਦੀ ਰਿਪੋਰਟ ਨੈਗੇਟਿਵ ਆਈ ਹੈ। ਪਾਜ਼ੀਟਿਵ ਆਉਣ ਵਾਲੇ ਮਰੀਜ਼ਾਂ ਵਿਚ ਫਗਵਾੜਾ, ਇਬਰਾਹੀਮਵਾਲ, ਕਪੂਰਥਲਾ ਨਾਲ ਸਬੰਧਿਤ ਮਰੀਜ਼ ਸ਼ਾਮਲ ਹਨ। ਜਦਕਿ ਇਨ੍ਹਾਂ ਵਿਚੋਂ 5 ਮਰੀਜ਼ ਪੰਜਾਬ ਗ੍ਰਾਮੀਣ ਬੈਂਕ ਨਾਲ ਸਬੰਧਿਤ ਹਨ। ਸਿਹਤ ਵਿਭਾਗ ਵਲੋਂ ਅੱਜ ਜ਼ਿਲ੍ਹੇ ਭਰ ਤੋਂ 979 ਸੈਂਪਲ ਲੈ ਕੇ ਜਾਂਚ ਲਈ ਭੇਜੇ ਗਏ ਹਨ।

# ਫ਼ੈਕਟਰੀ ਅੰਦਰ ਦਾਖ਼ਲ ਹੋ ਕੇ ਭੰਨ-ਤੋੜ ਕਰਨ ਦੇ ਮਾਮਲੇ 'ਚ ਪੋਰਟਲ ਪੱਤਰਕਾਰ ਸਮੇਤ ਸੱਤ ਖ਼ਿਲਾਫ਼ ਕੇਸ ਦਰਜ

ਫਗਵਾੜਾ, 3 ਜਨਵਰੀ (ਹਰਜੋਤ ਸਿੰਘ ਚਾਨਾ)-ਪਿੰਡ ਮੌਲੀ ਲਾਗੇ ਇੱਕ ਫ਼ੈਕਟਰੀ 'ਚ ਵੈੱਬ ਪੋਰਟਲ ਦੇ ਪੱਤਰਕਾਰ ਵਲੋਂ ਆਪਣੇ ਸਾਥੀਆਂ ਸਮੇਤ ਦਾਖ਼ਲ ਹੋ ਕੇ ਭੰਨ ਤੋੜ ਕਰਨ, ਫ਼ੈਕਟਰੀ ਦਾ ਮੇਨ ਗੇਟ ਰੋਕਣ ਤੇ ਡੀ.ਵੀ.ਆਰ ਚੋਰੀ ਹੋਣ ਦੇ ਮਾਮਲੇ 'ਚ ਪੋਰਟਲ ਪੱਤਰਕਾਰ ਸਮੇਤ ਸੱਤ ਮੈਂਬਰਾਂ ਖ਼ਿਲਾਫ਼ ਧਾਰਾ 379, 342, 427, 451, 506, 148, 149 ਆਈ.ਪੀ.ਸੀ ਤਹਿਤ ਕੇਸ ਦਰਜ ਕੀਤਾ ਹੈ। ਇੰਡਸਟਰੀ ਏਰੀਆ ਥਾਣਾ ਇੰਚਾਰਜ ਗੁਰਜੀਤ ਕੌਰ ਨੇ ਦੱਸਿਆ ਕਿ ਸ਼ਿਕਾਇਤ ਕਰਤਾ ਦਵਿੰਦਰ ਕੌਰ ਪਤਨੀ ਪਰਦੂਮਣ ਚਾਨਾ ਵਾਸੀ ਨਿੰਮਾ ਵਾਲਾ ਚੌਕ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਕਿਹਾ ਕਿ ਉਸ ਦੇ ਪਤੀ ਦਾ ਕਿਸੇ ਨਾਲ ਪੈਸਿਆਂ ਨੂੰ ਲੈ ਕੇ ਵਿਵਾਦ ਸੀ। ਇਸ ਵਿਵਾਦ ਨੂੰ ਮੁੱਦਾ ਬਣਾ ਕੇ ਉਕਤ ਵਿਅਕਤੀ ਉਸ ਦੇ ਫ਼ੈਕਟਰੀ ਮੌਲੀ ਵਿਖੇ ਆਏ ਤੇ ਉਸ ਨੂੰ ਤੇ ਉਸ ਦੇ ਬੇਟੇ ਨੂੰ ਮੀਡੀਆ ਬਾਈਟ ਦੇਣ ਲਈ ਕਿਹਾ। ਜਦੋਂ ਉਸ ਨੇ ਕਿਹਾ ਕਿ ਸਾਡਾ ਇਸ ਨਾਲ ਕੋਈ ਸੰਬੰਧ ਨਹੀਂ ਹੈ ਤੇ ਇਸ ਸੰਬੰਧੀ ਮੇਰਾ ਪਤੀ ਹੀ ਬਿਆਨ ਦੇਵੇਗਾ ਤਾਂ ਉਨ੍ਹਾਂ ਆਫ਼ਿਸ ਬਲਾਕ ਦਾ ਸ਼ੀਸ਼ਾ ਤੇ ਕੁਰਸੀ ਤੋੜ ਦਿੱਤੀ ਤੇ ਬਾਹਰ ਨਿਕਲਦੇ ਸਾਰ ਲੇਬਰ ਸੱਦ ਲਈ। ਜਿਨ੍ਹਾਂ ਨੇ ਬਾਹਰ ਆ ਕੇ ਮੇਨ ਗੇਟ ਤੋਂ ਸਾਡਾ ਬਾਹਰ ਨਿਕਲਣਾ ਮੁਸ਼ਕਿਲ ਕਰ ਦਿੱਤਾ ਤੇ ਉਨ੍ਹਾਂ ਦੇ ਕੋਲ ਡੰਡੇ ਵੀ ਸੀ ਤੇ ਉਨ੍ਹਾਂ ਦਾ ਡੀ.ਵੀ.ਆਰ ਵੀ ਕੋਈ ਵਿਅਕਤੀ ਉਤਾਰ ਕੇ ਲੈ ਗਿਆ ਹੈ। ਜਿਸ ਸੰਬੰਧ 'ਚ ਪੁਲਿਸ ਨੇ ਅਮਰ ਕੁਮਾਰ, ਜੀਤ ਸਿੰਘ, ਜਤਿੰਦਰ ਕੁਮਾਰ, ਹਰੀ ਕਿਸ਼ਨ, ਜਰਨੈਲ ਸਿੰਘ, ਪ੍ਰੇਮ ਕੁਮਾਰ, ਧਰਮਿੰਦਰ ਕੁਮਾਰ ਤੇ 4-5 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ।


ਸਰਬ ਮਲਟੀਪਲੈਕਸ
ਸਰਬ SARB JALANDHAR
ਸ਼ੁੱਕਰਵਾਰ 31 ਦਸੰਬਰ ਤੋਂ
www.facebook.com/sarbmultiplextheater



ਸਪਾਈਡਰਮੈਨ (ਹਿੰਦੀ)
10.00 AM, 12.50 PM, 7.00 PM, 9.40 PM,



83 (ਹਿੰਦੀ)
10.30 AM, 1.50 PM, 3.40 PM, 5.10 PM, 8.30PM, 9.50 PM,



ਪੁਸ਼ਪਾ (ਹਿੰਦੀ)
10.15 AM, 4.00 PM



ਸ਼ਾਵਾ ਨੀ ਗਿਰਧਾਰੀ ਲਾਲ (ਪੰਜਾਬੀ)
1.35 AM, 7.20 PM
ਈ-ਬੁਕਿੰਗ ਟਿਕਟ ਬੁੱਕ ਕਰੋ:
www.sarbmultiplex.com
-ਫ਼ੋਨ:-
0181-2299300, 2299400

(Established by State Government Act 32 of 2013 u/s 2 (f) of UGC Act 1956)
SRI GANGANAGAR (RAJASTHAN)
Tantia University
Excellence Innovation Achievement



MEDICAL SCIENCE M.B.B.S. | VETERINARY SCIENCE B.V.Sc. & A.H.
AYURVEDA BAMS, M.D. (Ayurveda) | HOMOEOPATHY BHMS, M.D. (Homoeopathy)
*Admission For NEET Qualified & As Per Govt. Norms
-: OTHER COURSES :-
• M.Sc. Nursing • B.Sc. Nursing • Post Basic B.Sc. Nursing • BPT • MPT • D.Pharmacy
• Ayurvedic Nursing • BA LLB • LLB • LLM • MA • M.Ed. • AHDP • Ph.D
0154-2494125 | 94140-93087 | 94140-93083 | 94140-93082
TOLL FREE : 1800 123 1981
Email : admission@tantiauniversity.com | Visit us on : www.tantiauniversity.com

ਸਰਬ SARB JALANDHAR
ਲੋੜ ਹੈ
ਅਦਾਰਾ ਸਰਬ ਮਲਟੀਪਲੈਕਸ ਨੂੰ ਹੇਠ ਲਿਖੇ ਸਟਾਫ ਦੀ ਲੋੜ ਹੈ :

| ਲੜੀ ਨੰ: | ਅਸਾਮੀ ਦਾ ਨਾਂਅ | ਯੋਗਤਾ | ਉਮਰ |
|---|---|---|---|
| 1. | ਸਕਿਉਰਿਟੀ | 10ਵੀਂ ਪਾਸ, ਐਕਸ ਸਰਵਿਸਮੈਨ ਗਾਰਡ | 20 ਤੋਂ 50 ਸਾਲ ਨੂੰ ਪਹਿਲ ਦਿੱਤੀ ਜਾਵੇਗੀ |
| 2. | ਸੇਵਾਦਾਰ | 10+2 ਪਾਸ ਹੋਵੇ। ਕੰਪਿਊਟਰ ਦੀ ਜਾਣਕਾਰੀ ਰੱਖਦਾ ਹੋਵੇ। | 18 ਤੋਂ 30 ਸਾਲ |
| 3. | ਸਫਾਈ ਕਰਮਚਾਰੀ | | 20 ਤੋਂ 40 ਸਾਲ |

ਉਮੀਦਵਾਰ ਆਪਣੀ ਪਾਸਪੋਰਟ ਸਾਈਜ਼ ਤਸਵੀਰ ਸਮੇਤ ਅਰਜ਼ੀ ਅਤੇ ਪ੍ਰਮਾਣ ਪੱਤਰ ਲੈ ਕੇ ਕਿਸੇ ਵੀ ਕੰਮ ਵਾਲੇ ਦਿਨ ਸਰਬ ਮਲਟੀਪਲੈਕਸ ਅੰਮ੍ਰਿਤਸਰ ਰੋਡ, ਸਾਹਮਣੇ ਟਰਾਂਸਪੋਰਟ ਨਗਰ, ਜਲੰਧਰ ਵਿਖੇ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਇੰਟਰਵਿਊ ਵਾਸਤੇ ਪਹੁੰਚਣ ਦੀ ਖੇਚਲ ਕਰਨ। ਸੰਪਰਕ ਨੰ: 0181-2299300, 2299400.
-ਜਨਰਲ ਮੈਨੇਜਰ

ਪੰਜਾਬ ਦੇ ਮੁੱਖ ਮੰਤਰੀ
ਚਰਨਜੀਤ ਸਿੰਘ ਚੰਨੀ
ਦੀ
ਗਤੀਸ਼ੀਲ ਅਗਵਾਈ ਹੇਠ



ਭਾਰਤ ਭੂਸ਼ਨ ਆਸ਼ੂ
ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ, ਪੰਜਾਬ
ਅਤੇ
ਗੁਰਕੀਰਤ ਸਿੰਘ ਕੋਟਲੀ
ਉਦਯੋਗ ਤੇ ਵਣਜ ਅਤੇ ਵਿਗਿਆਨ ਤੇ ਤਕਨੀਕ ਮੰਤਰੀ, ਪੰਜਾਬ
ਵੱਲੋਂ
40 ਐਮ. ਐਲ. ਡੀ.
ਕਾਮਨ ਐਫ਼ਲੂਐਂਟ ਟਰੀਟਮੈਂਟ ਪਲਾਂਟ
(ਫੇਕਲ ਪਊਾਇੰਟ ਮੋਡਿਊਲ)
ਦਾ ਉਦਘਾਟਨ
ਮਿਤੀ 04.01.2022, ਦਿਨ ਮੰਗਲਵਾਰ ਨੂੰ ਸਵੇਰੇ 11:00 ਵਜੇ ਤਾਜਪੁਰ ਰੋਡ, ਲੁਧਿਆਣਾ ਵਿਖੇ ਕੀਤਾ ਜਾਵੇਗਾ।



ਪ੍ਰਾਜੈਕਟ ਕੀਮਤ 84.5 ਕਰੋੜ
ਲਾਭਪਾਤਰੀ ਉਦਯੋਗ 73
ਪ੍ਰਾਜੈਕਟ ਦੀਆਂ ਮੁੱਖ ਵਿਸ਼ੇਸ਼ਤਾਵਾਂ:-
• ਵਾਤਾਵਰਣ ਵਿੱਚ ਪ੍ਰਦੂਸ਼ਣ ਦੀ ਕਮੀ
• ਉਦਯੋਗਾਂ ਨੂੰ ਅੰਦਰੂਨੀ ਟਰੀਟਮੈਂਟ ਤੋਂ ਰਾਹਤ
• ਹੁਨਰਮੰਦ ਵਿਅਕਤੀਆਂ ਵੱਲੋਂ ਕੇਂਦਰੀਕ੍ਰਿਤ ਤੇ ਬਿਹਤਰ ਟਰੀਟਮੈਂਟ
• ਟਰੀਟਮੈਂਟ ਲਈ ਪੂੰਜੀ ਅਤੇ ਸੰਚਾਲਨ ਲਾਗਤ ਵਿੱਚ ਬੱਚਤ
• ਨੇਮਬੱਧੀ ਅਦਾਰਿਆਂ ਵੱਲੋਂ ਇੱਕ ਜਗ੍ਹਾ ਤੋਂ ਨਿਗਰਾਨੀ
No:13/311/2021/12079
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
ਵਾਤਾਵਰਣ ਭਵਨ, ਨਾਭਾ ਰੋਡ, ਪਟਿਆਲਾ, ਫ਼ੋਨ : 0175-2302392, 2200557, ਫੈਕਸ : 0175-2215636